This question paper contains 2 printed pages]

**Roll No.** | | | | | | | | | | | |

S. No. of Question Paper : **4479A**

Unique Paper Code : **212452** **C**

Name of the Paper : **Punjabi Discipline-B (Optional)**

Name of the Course : **B.A. (Prog.)**

Semester : **IV**

Duration : **3 Hours** Maximum Marks : **75**

*(Write your Roll No. on the top immediately on receipt of this question paper.)*

ਨੋਟ : ਸਾਰੇ ਸਵਾਲ ਕਰਨੇ ਜ਼ਰੂਰੀ ਹਨ।

1. ਆਪਣੀ ਕਾਵਿ - ਪੁਸਤਕ ਪੰਜਾਬੀ ਸੂਫ਼ੀ ਕਾਵਿ-ਸਰਾਂ ਦੇ ਆਧਾਰ ਤੇ ਪੰਜਾਬੀ ਸੂਫ਼ੀ - ਕਾਵਿ ਦੇ ਵਿਕਾਸ ਬਾਰੇ ਜਾਣਕਾਰੀ ਪੇਸ਼ ਕਰੋ। 15

**ਜਾਂ**

ਪੰਜਾਬੀ ਸੂਫ਼ੀ-ਕਾਵਿ ਦੀਆਂ ਵਿਲੱਖਣਤਾਵਾਂ ਬਾਰੇ ਆਪਣੇ ਵਿਚਾਰ ਪੇਸ਼ ਕਰੋ।

2. ਹੇਠਾਂ ਦਿੱਤੇ ਪ੍ਰਸ਼ਨਾਂ ਵਿਚੋਂ **ਦੋ** ਦੇ ਸੰਖੇਪ ਉੱਤਰ ਦਿਉ- 10

ੳ) ਬਾਬਾ ਫਰੀਦ ਦੀ ਰਚਨਾ ਸੰਬੰਧੀ ਆਪਣੇ ਵਿਚਾਰ ਲਿਖੋ?

ਅ) ਸ਼ਾਹ ਹੁਸੈਨ, ਹਾਸ਼ਮ ਜਾਂ ਸੁਲਤਾਨ ਬਾਹੂ ਵਿਚੋਂ ਕਿਸੇ **ਇਕ** ਦੇ ਜੀਵਨ ਤੇ ਰਚਨਾ ਬਾਰੇ ਸੰਖੇਪ ਪਛਾਣ ਕਰਾਉ।

ੲ) ਹੇਠਾਂ ਦਿੱਤੀਆਂ ਕਾਵਿ-ਟੁਕੜੀਆਂ ਵਿਚੋਂ ਕਿਸੇ **ਇਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:

ਦਰਦ ਵਿਛੋੜੇ ਦਾ ਹਾਲ, ਨੀ ਮੈਂ ਕੈਨੂੰ ਆਖਾਂ।
ਸੂਲਾਂ ਮਾਰ ਦੀਵਾਨੀ ਕੀਤੀ
ਬਿਰਹੋ ਪਇਆ ਸਾਡੇ ਖਿਆਲ ਨੀ ਮੈਂ ਕੈਨੂੰ ਆਖਾਂ।
ਸੂਲਾਂ ਦੀ ਰੋਟੀ, ਦੁਖਾਂ ਦਾ ਲਾਵਣ
ਹੱਡਾਂ ਦਾ ਬਾਲਣ ਬਾਲ, ਨੀ ਮੈਂ ਕੈਨੂੰ ਆਖਾਂ

P.T.O.

**ਜਾਂ**

ਅਲਫ ਅੱਲ੍ਹਾ ਚੰਬੇ ਦੀ ਬੂਟੀ ਮੁਰਸ਼ਦ ਮਨ ਵਿਚ ਲਾਈ ਹੂ।
ਨਫ਼ੀ ਅਸਬਾਤ ਦਾ ਪਾਣੀ ਮਿਲਿਆ, ਹਰ ਰਗੇ ਹਰ ਜਾਈ ਹੂ।
ਅੰਦਰ ਬੂਟੀ ਮੁਸ਼ਕ ਮਚਾਇਆ, ਜਾ ਫੁੱਲਾਂ ਪਰ ਆਈ ਹੂ।
ਜੀਵੇ ਮੁਰਸ਼ਦ ਕਾਮਲ ਬਾਹੂ, ਜਿਸ ਇਹ ਬੂਟੀ ਲਾਈ ਹੂ।

3. ਬਲਰਾਜ ਸਾਹਨੀ ਦੇ ਮੇਰਾ ਪਾਕਿਸਤਾਨੀ ਸਫ਼ਰਨਾਮਾ ਨੂੰ ਇਕ ਸਫ਼ਰਨਾਮੇ ਦੇ ਤੌਰ ਤੇ ਵਿਚਾਰੋ। 15

**ਜਾਂ**

ਬਲਰਾਜ ਸਾਹਨੀ ਨੂੰ ਆਪਣੇ ਸਫ਼ਰ ਦੌਰਾਨ ਕਿਨ੍ਹਾਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ? ਕੀ ਉਹ ਪਾਕਿਸਤਾਨ ਫੇਰੀ ਸਮੇਂ ਆਪਣੇ ਉਦੇਸ਼ ਵਿਚ ਸਫਲ ਹੋ ਸਕਿਆ?

4. ਹੇਠਾਂ ਦਿੱਤੇ ਪ੍ਰਸ਼ਨਾਂ ਵਿਚੋਂ ਦੋ ਦਾ ਸੰਖੇਪ ਵਿਚ ਉੱਤਰ ਦਿਉ: 10

ੳ) ਬਲਰਾਜ ਸਾਹਨੀ ਦੇ ਸਫ਼ਰ ਦੌਰਾਨ ਹੋਏ ਤਜਰਬਿਆਂ ਵਿਚੋਂ ਤੁਹਾਨੂੰ ਕਿਹੜੀਆਂ ਦੋ ਖਾਸ ਘਟਨਾਵਾਂ ਨੇ ਪ੍ਰਭਾਵਿਤ ਕੀਤਾ ਤੇ ਕਿਉਂ?

ਅ) ਪਾਕਿਸਤਾਨ ਫੇਰੀ ਦੌਰਾਨ ਲੇਖਕ ਨੂੰ ਕਿਸ ਗੱਲ ਨੇ ਵੱਧ ਪ੍ਰਭਾਵਿਤ ਕੀਤਾ?

ੲ) ਮੇਰਾ ਪਾਕਿਸਤਾਨੀ ਸਫ਼ਰਨਾਮਾ ਪੁਸਤਕ ਬਾਰੇ ਆਪਣੇ ਵਿਚਾਰ ਪੇਸ਼ ਕਰੋ!

5. ੳ) 'ਸ਼ੈਲੀ' ਜਾਂ 'ਨਿਬੰਧ' ਵਿਚੋਂ **ਇਕ** ਬਾਰੇ ਜਾਣਕਾਰੀ ਦਿਉ। 10

ਅ) ਸਫ਼ਰਨਾਮੇ ਦੇ ਤੱਤਾਂ ਬਾਰੇ ਵੀ ਦੱਸੋ। 5

ੲ) 'ਵਾਰ' ਜਾਂ 'ਕਿੱਸੇ' ਵਿਚੋਂ ਕਿਸੇ **ਇਕ** ਬਾਰੇ ਜਾਣਕਾਰੀ ਭਰਪੂਰ ਨੋਟ ਤਿਆਰ ਕਰੋ। 10

**ਜਾਂ**

ਜੰਗਨਾਮਾ ਦੀਆਂ ਰੂਪਾਕਾਰੀ ਵਿਸ਼ੇਸ਼ਤਾਵਾਂ ਬਾਰੇ ਜਾਣਕਾਰੀ ਦਿੰਦਿਆਂ ਪੰਜਾਬੀ ਜੰਗਨਾਮੇ ਵਿਚੋ ਹਵਾਲੇ ਵੀ ਪੇਸ਼ ਕਰੋ।